**Vigilance Bureau Punjab**

# Vigilance arrests pollution control board SDO, middleman In corruption case

Chandigarh October 18 :

Punjab Vigilance Bureau today arrested SDO Punjab Pollution Control Board and his middleman for accepting bribes from rice shellers and schools to furnish NOCs.

Disclosing this here today a spokesperson of the vigilance bureau Punjab said SDO Atul Kaushal posted at Faridkot was demanding and accepting bribes amounting to Rs.25,000 to 30,000 from rice shellers and schools to issue NOCs. He alleged that SDO was demanding bribes through a private person named Jarnail Singh of Faridkot city.

The spokesperson added that the accused SDO was indulging in corruption on the basis of which vigilance has arrested both the accused and registered a case under various sections of prevention of corruption act at VB police station Bathinda and further investigations were under progress.

-----------

ਪ੍ਰੈਸ ਨੋਟ

# ਪ੍ਰਦੂਸ਼ਣ ਰੋਕਥਾਮ ਬੋਰਡ ਦਾ ਐਸ.ਡੀ.ਓ ਤੇ ਉਸ ਦਾ ਕਰਿੰਦਾ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਵਿਜੀਲੈਂਸ ਵਲੋਂ ਗ੍ਰਿਫਤਾਰ

ਚੰਡੀਗੜ੍ਹ 18 ਅਕਤੂਬਰ:

ਵਿਜੀਲੈਂਸ ਬਿਓਰੋ ਨੇ ਅੱਜ ਫਰੀਦਕੋਟ ਵਿਖੇ ਤਾਇਨਾਤ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਐਸ.ਡੀ.ਓ ਅਤੁਲ ਕੌਸ਼ਲ ਅਤੇ ਉਸ ਦੇ ਕਰਿੰਦੇ ਜਰਨੈਲ ਸਿੰਘ ਨੂੰ ਰਿਸ਼ਵਤ ਲੈਣ ਦੇ ਵੱਖ-ਵੱਖ ਮਾਮਲਿਆਂ ਵਿਚ ਪਰਚਾ ਦਰਜ ਕਰਕੇ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਐਸ.ਡੀ.ਓ ਅਤੁਲ ਕੌਸ਼ਲ ਫਰੀਦਕੋਟ ਵਿਖੇ ਵੱਖ-ਵੱਖ ਸ਼ੈਲਰ ਮਾਲਕਾਂ ਅਤੇ ਸਕੂਲ ਆਦਿ ਨੂੰ ਪ੍ਰਦੂਸ਼ਣ ਸਰਟੀਫਿਕੇਟ ਜਾਰੀ ਕਰਨ ਬਦਲੇ 25 ਤੋਂ 30 ਹਜਾਰ ਰੁਪਏ ਰਿਸ਼ਵਤ ਵਜੋਂ ਪ੍ਰਾਪਤ ਕਰ ਕਰਦਾ ਸੀ। ਉਨ੍ਹਾਂ ਦੱਸਿਆ ਕਿ  ਉਕਤ ਐਸ.ਡੀ.ਓ ਰਿਸ਼ਵਤ ਦੀ ਰਕਮ ਅਤੇ ਗੱਲਬਾਤ ਆਪਣੇ ਕਰਿੰਦੇ ਜਰਨੈਲ ਸਿੰਘ ਰਾਹੀਂ ਹੀ ਕਰਦਾ ਸੀ ਅਤੇ ਜਰਨੈਲ ਸਿੰਘ ਵਲੋਂ ਵੱਖ-ਵੱਖ ਸ਼ੈਲਰ ਮਾਲਕਾਂ ਨੂੰ  ਪ੍ਰਦੂਸ਼ਣ ਸਰਟੀਫਿਕੇਟ ਜਾਰੀ ਕਰਾਉਣ ਬਦਲੇ ਲਗਾਤਾਰ ਰਿਸ਼ਵਤ ਦੀ ਮੰਗ ਕੀਤੀ ਜਾਂਦੀ ਸੀ।

ਬੁਲਾਰੇ ਨੇ ਦੱਸਿਆ ਕਿ ਉਕਤ  ਨੇ ਐਸ.ਡੀ.ਓ ਆਪਣੇ ਕਰਿੰਦੇ ਜਰਨੈਲ ਸਿੰਘ ਦੀ ਮਿਲੀਭੁਗਤ ਨਾਲ ਵੱਡੀ ਪੱਧਰ 'ਤੇ ਭ੍ਰਿਸ਼ਟਾਚਾਰ ਕੀਤਾ ਅਤੇ ਵਿਜੀਲੈਂਸ ਬਿਓਰੋ ਵਲੋਂ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਂਵਾ ਹੇਠ ਦੋਵੇਂ ਦੋਸ਼ੀਆਂ ਮੁਲਜ਼ਮਾਂ ਖਿਲਾਫ਼ ਪਰਚਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ।

------